# ਮਿਰਗੀ ਦੇ ਇਲਾਜ ਦੀਆਂ ਦਵਾਈਆਂ (Anti-Epileptic Drugs)

ਮਿਰਗੀ ਦੇ ਇਲਾਜ ਦੀਆਂ ਦਵਾਈਆਂ, 70-80 ਪ੍ਰਤੀਸ਼ਤ ਮਰੀਜ਼ਾਂ ਵਿਚ ਮਿਰਗੀ ਦੇ ਦੌਰਿਆਂ ਨੂੰ ਕੰਟਰੋਲ ਕਰ ਸਕਦੀਆਂ ਹਨ। ਇਹ ਦਵਾਈਆਂ ਗੋਲੀਆਂ, ਕੈਪਸੂਲਾਂ ਜਾਂ ਪੀਣ ਵਾਲੀਆਂ ਦਵਾਈਆਂ ਦੇ ਰੂਪ ਵਿਚ ਆਉਂਦੀਆਂ ਹਨ। ਕੁਝ ਦਵਾਈਆਂ ਹਸਪਤਾਲ ਵਿਚ ਖੂਨ ਦੀ ਨਾੜੀ ਵਿਚ ਸੂਈ ਲਾ ਕੇ ਵੀ ਦਿੱਤੀਆਂ ਜਾ ਸਕਦੀਆਂ ਹਨ।

ਮਿਰਗੀ ਵਾਲੇ ਬਹੁਤੇ ਲੋਕਾਂ ਦੇ ਦੌਰੇ ਇੱਕੋ ਦਵਾਈ ਨਾਲ ਹਟ ਜਾਂਦੇ ਹਨ। ਕਿਸੇ ਵਿਅਕਤੀ 'ਤੇ ਅਜ਼ਮਾ ਕੇ ਦੇਖੀ ਪਹਿਲੀ ਦਵਾਈ ਹਮੇਸ਼ਾਂ ਹੀ ਠੀਕ ਨਹੀਂ ਹੁੰਦੀ। ਬਹੁਤੇ ਲੋਕਾਂ ਨੂੰ ਇਕ ਨਾਲੋਂ ਜ਼ਿਆਦਾ ਦਵਾਈ ਅਜ਼ਮਾ ਕੇ ਦੇਖਣ ਦੀ ਲੋੜ ਹੁੰਦੀ ਹੈ ਜਾਂ ਦੌਰੇ ਹਟਣ ਤੋਂ ਪਹਿਲਾਂ ਦੂਜੀ ਦਵਾਈ ਲੈਣਾ ਸ਼ੁਰੂ ਕਰਨ ਦੀ ਲੋੜ ਹੁੰਦੀ ਹੈ। ਦਵਾਈ ਦੀ ਚੋਣ ਕਈ ਪੱਖਾਂ 'ਤੇ ਨਿਰਭਰ ਕਰੇਗੀ ਜਿਵੇਂ ਕਿ ਦੌਰੇ ਦੀ ਕਿਸਮ, ਬੀਮਾਰੀ ਦੇ ਚਿੰਨ੍ਹ, ਉਮਰ, ਸੰਭਾਵੀ ਅਣਚਾਹੇ ਅਸਰ, ਅਤੇ ਖਰਚਾ।

### ਆਪਣੀਆਂ ਦਵਾਈਆਂ ਕਿਵੇਂ ਲੈਣੀਆਂ ਹਨ

- ਤੁਹਾਡਾ ਡਾਕਟਰ ਇਹ ਦੱਸੇਗਾ ਕਿ ਦਵਾਈ ਕਿਵੇਂ ਅਤੇ ਕਦੋਂ ਲੈਣੀ ਹੈ ਅਤੇ ਤੁਹਾਡੇ ਨਾਲ ਉਨ੍ਹਾਂ ਸਾਈਡ ਇਫੈਕਟਾਂ ਬਾਰੇ ਗੱਲਬਾਤ ਕਰੇਗਾ ਜਿਹੜੇ ਪੈਦਾ ਹੋ ਸਕਦੇ ਹਨ।
- ਆਪਣੀ ਦਵਾਈ ਦੱਸੇ ਮੁਤਾਬਕ ਲਵੋ। ਦਵਾਈ ਦੀ ਖੁਰਾਕ ਜਾਂ ਦਵਾਈ ਲੈਣ ਦੇ ਰੋਜ਼ਾਨਾ ਸਮੇਂ ਵਿਚ ਤਬਦੀਲੀ ਨਾਲ ਅਣਚਿਤਵੇ ਦੌਰੇ ਪੈ ਸਕਦੇ ਹਨ ਜਾਂ ਸਾਈਡ ਇਫੈਕਟ (ਮਾੜੇ ਅਸਰ) ਪੈਦਾ ਹੋ ਸਕਦੇ ਹਨ।
- ਦਵਾਈ ਦੀ ਖੁਰਾਕ (ਡੋਜ਼) ਤੋਂ ਨਾ ਖੁੰਝਣਾ ਬਹੁਤ ਜ਼ਰੂਰੀ ਹੈ ਕਿਉਂਕਿ ਇਸ ਨਾਲ ਦੌਰਾ ਪੈਣ ਦਾ ਖਤਰਾ ਵਧਦਾ ਹੈ। ਜੇ ਤੁਸੀਂ ਦਵਾਈ ਦੀ ਖੁਰਾਕ ਲੈਣ ਤੋਂ ਖੁੰਝ ਜਾਂਦੇ ਹੋ ਤਾਂ ਤੁਸੀਂ ਆਮ ਤੌਰ 'ਤੇ ਚੇਤਾ ਆਉਣ ਵੇਲੇ ਫੌਰਨ ਦਵਾਈ ਲੈ ਸਕਦੇ ਹੋ, ਜੇ ਅਗਲੀ ਵਾਰ ਦਵਾਈ ਲੈਣ ਵਿਚ ਦੋ ਘੰਟੇ ਤੋਂ ਜ਼ਿਆਦਾ ਸਮਾਂ ਰਹਿੰਦਾ ਹੈ। ਆਪਣੇ ਡਾਕਟਰ ਤੋਂ ਪੁੱਛੋ ਕਿ ਜੇ ਤੁਸੀਂ ਆਪਣੀ ਦਵਾਈ ਲੈਣਾ ਭੁੱਲ ਜਾਵੋ ਤਾਂ ਕੀ ਕਰਨਾ ਹੈ। ਦਵਾਈ ਲੈਣਾ ਭੁੱਲਣ ਤੋਂ ਰੋਕਥਾਮ ਕਰਨ ਲਈ ਦਵਾਈ ਲੈਣ ਦਾ ਨੇਮ ਬਣਾਉਣ ਦੀ ਕੋਸ਼ਿਸ਼ ਕਰੋ। ਦਵਾਈਆਂ ਨੂੰ ਖਾਣਿਆਂ ਨਾਲ ਲੈਣਾ ਅਤੇ/ਜਾਂ ਹਫਤੇ ਦੇ ਹਰ ਦਿਨ ਲਈ ਖਾਨਿਆਂ ਵਾਲੀ ਦਵਾਈ-ਡੱਬੀ ਦੀ ਵਰਤੋਂ ਫਾਇਦੇਮੰਦ ਹੈ।
- ਆਪਣੀ ਦਵਾਈ ਮੁੱਕਣ ਤੋਂ ਘੱਟੋ ਘੱਟ ਦੋ ਹਫਤੇ ਪਹਿਲਾਂ ਦਵਾਈ ਦੁਬਾਰਾ ਖਰੀਦਣ ਦੀ ਆਦਤ ਬਣਾਉ, ਖਾਸ ਕਰਕੇ ਉਦੋਂ ਜਦੋਂ ਤੁਸੀਂ ਘਰ ਤੋਂ ਦੂਰ ਜਾਣਾ ਹੈ।
- ਸ਼ਰਾਬ ਦੌਰਿਆਂ ਦੀ ਸੀਮਾ ਵਿਚ ਤਬਦੀਲੀ ਕਰ ਸਕਦੀ ਹੈ ਅਤੇ ਲੋਕਾਂ ਨੂੰ ਆਪਣੀਆਂ ਦਵਾਈਆਂ ਲੈਣ ਦਾ ਚੇਤਾ ਭੁਲਾ ਸਕਦੀ ਹੈ। ਸਮਾਜਿਕ ਤੌਰ 'ਤੇ ਸੰਜਮ ਨਾਲ ਸ਼ਰਾਬ ਪੀਣ ਤੋਂ ਬਿਨਾਂ ਸ਼ਰਾਬ ਤੋਂ ਪਰਹੇਜ਼ ਕਰੋ।

### ਆਪਣੇ ਡਾਕਟਰ ਤੋਂ ਕੀ ਪੁੱਛਣਾ ਹੈ

- ਹੋਰ ਕਿਹੜੀਆਂ ਦਵਾਈਆਂ ਤੁਹਾਡੀਆਂ ਦਵਾਈਆਂ ਵਿਚ ਦਖਲਅੰਦਾਜ਼ੀ ਕਰ ਸਕਦੀਆਂ ਹਨ? ਮਿਰਗੀ ਦੇ ਇਲਾਜ ਦੀਆਂ ਕੁਝ ਦਵਾਈਆਂ ਗਰਭ-ਰੋਕੂ ਦਵਾਈਆਂ ਦਾ ਅਸਰ ਘਟਾ ਸਕਦੀਆਂ ਹਨ। ਜੇ ਤੁਸੀਂ ਗਰਭ-ਰੋਕੂ ਦਵਾਈ ਮੂੰਹ ਰਾਹੀਂ ਲੈ ਰਹੇ ਹੋ ਤਾਂ ਆਪਣੇ ਡਾਕਟਰ ਨੂੰ ਇਹ ਪੁੱਛੋ ਕਿ ਕੀ ਮਿਰਗੀ ਦੇ ਇਲਾਜ ਦੀਆਂ ਤੁਹਾਡੀਆਂ ਦਵਾਈਆਂ ਗਰਭ-ਰੋਕੂ ਦਵਾਈ ਦੇ ਅਸਰ 'ਤੇ ਅਸਰ ਪਾ ਸਕਦੀਆਂ ਹਨ।
- ਜੇ ਮੈਂ ਆਪਣੀ ਦਵਾਈ ਲੈਣ ਤੋਂ ਖੁੰਝ ਜਾਵਾਂ ਤਾਂ ਕੀ ਕਰਨਾ ਹੈ?

### ਅਣਚਾਹੇ ਅਸਰ

ਮਿਰਗੀ ਦੇ ਇਲਾਜ ਦੀਆਂ ਸਾਰੀਆਂ ਦਵਾਈਆਂ ਦੇ ਸਾਈਡ ਇਫੈਕਟ ਹੋ ਸਕਦੇ ਹਨ। ਇਹ ਸਾਈਡ ਇਫੈਕਟ ਅਕਸਰ ਦਵਾਈ ਲੈਣਾ ਸ਼ੁਰੂ ਕਰਨ ਵੇਲੇ ਹੁੰਦੇ ਹਨ ਅਤੇ ਆਮ ਤੌਰ 'ਤੇ ਕੁਝ ਹਫਤਿਆਂ ਵਿਚ ਘਟ ਜਾਂਦੇ ਹਨ ਜਦੋਂ ਤੁਹਾਡਾ ਸਰੀਰ ਦਵਾਈ ਦਾ ਆਦੀ ਹੋ ਜਾਂਦਾ ਹੈ। ਜੇ ਤੁਹਾਨੂੰ ਦਵਾਈ ਦੀ ਘੱਟ ਮਾਤਰਾ ਤੋਂ ਸ਼ੁਰੂ ਕੀਤਾ ਜਾਂਦਾ ਹੈ ਅਤੇ ਮਾਤਰਾ ਹੌਲੀ ਹੌਲੀ ਵਧਾਈ ਜਾਂਦੀ ਹੈ ਤਾਂ ਵੀ ਇਨ੍ਹਾਂ ਦੇ ਹੋਣ ਦੀ ਸੰਭਾਵਨਾ ਘੱਟ ਹੁੰਦੀ ਹੈ। ਜੇ ਇਹ ਸਾਈਡ ਇਫੈਕਟ ਦਵਾਈ ਦੀ ਮਾਤਰਾ ਬਹੁਤ ਜ਼ਿਆਦਾ ਹੋਣ ਕਰਕੇ ਹੋਏ ਹਨ ਤਾਂ ਇਹ ਅਕਸਰ ਦਵਾਈ ਦੀ ਮਾਤਰਾ ਘਟਾਉਣ ਨਾਲ ਹਟ ਜਾਂਦੇ ਹਨ। ਜੇ ਦਵਾਈ ਦੀ ਮਾਤਰਾ ਘਟਾਉਣ 'ਤੇ ਵੀ ਅਣਚਾਹੇ ਅਸਰ ਜਾਰੀ ਰਹਿੰਦੇ ਹਨ ਤਾਂ ਦਵਾਈ ਬਦਲਣ ਦੀ ਲੋੜ ਵੀ ਪੈ ਸਕਦੀ ਹੈ।

ਕੁਝ ਲੋਕਾਂ ਨੂੰ ਮਿਰਗੀ ਦੇ ਇਲਾਜ ਦੀਆਂ ਦਵਾਈਆਂ ਤੋਂ ਅਲਰਜੀ ਵਾਲਾ ਰੀਐਕਸ਼ਨ ਹੁੰਦਾ ਹੈ। ਇਹ ਆਮ ਹੋ ਜਾਂਦਾ ਹੈ ਪਰ ਇਸ ਨੂੰ ਪਛਾਣਨਾ ਬਹੁਤ ਜ਼ਰੂਰੀ ਹੈ ਕਿਉਂਕਿ ਇਸ ਨਾਲ ਦਵਾਈ ਬੰਦ ਕਰਨੀ ਪੈਂਦੀ ਹੈ। ਆਪਣੇ ਡਾਕਟਰ ਨੂੰ ਪੁੱਛੋ ਕਿ ਤੁਹਾਡੇ ਵਲੋਂ ਲਈ ਜਾਣ ਵਾਲੀ ਦਵਾਈ ਤੋਂ ਐਲਰਜੀ ਦਾ ਰੀਐਕਸ਼ਨ ਹੋਣ ਦਾ ਖਤਰਾ ਹੈ ਜਾਂ ਨਹੀਂ। ਜੇ ਉਹ ਦਵਾਈ ਐਲਰਜੀ ਵਾਲਾ ਰੀਐਕਸ਼ਨ ਕਰ ਸਕਦੀ ਹੋਵੇ ਤਾਂ ਆਪਣੇ ਡਾਕਟਰ ਤੋਂ ਪੁੱਛੋ ਕਿ ਇਸ ਤਰ੍ਹਾਂ ਦੇ ਰੀਐਕਸ਼ਨ ਦੀ ਕੀ ਨਿਸ਼ਾਨੀਆਂ ਹਨ ਅਤੇ ਜੇ ਇਹ ਨਿਸ਼ਾਨੀਆਂ ਦਿਖਾਈ ਦੇਣ ਤਾਂ ਤੁਹਾਨੂੰ ਕੀ ਕਰਨਾ ਚਾਹੀਦਾ ਹੈ।

**ਦਵਾਈ ਬੰਦ ਕਰਨਾ**

ਡਾਕਟਰੀ ਸਲਾਹ ਤੋਂ ਬਿਨਾਂ ਮਿਰਗੀ ਦੇ ਇਲਾਜ ਦੀ ਦਵਾਈ ਲੈਣਾ ਬੰਦ ਨਾ ਕਰੋ। ਮਿਰਗੀ ਦੇ ਇਲਾਜ ਦੀਆਂ ਦਵਾਈਆਂ ਹੌਲੀ ਹੌਲੀ ਅਤੇ ਡਾਕਟਰੀ ਨਿਗਰਾਨੀ ਹੇਠ ਬੰਦ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਮਿਰਗੀ ਦੇ ਇਲਾਜ ਦੀ ਦਵਾਈ ਲੈਣਾ ਅਚਾਨਕ ਬੰਦ ਕਰਨ ਨਾਲ ਅਜਿਹਾ ਦੌਰਾ ਪੈ ਸਕਦਾ ਹੈ ਜਾਂ ਅਜਿਹੇ ਦੌਰੇ ਪੈ ਸਕਦੇ ਹਨ ਜੋ ਕਿ ਆਮ ਨਾਲੋਂ ਜ਼ਿਆਦਾ ਗੰਭੀਰ ਹੋ ਸਕਦੇ ਹਨ।

**ਖੂਨ ਦੇ ਪੱਧਰਾਂ ’ਤੇ ਨਿਗਰਾਨੀ ਰੱਖਣਾ**

ਜੇ ਦੌਰੇ ਚੰਗੀ ਤਰ੍ਹਾਂ ਕਾਬੂ ਵਿਚ ਆ ਜਾਣ ਤਾਂ ਖੂਨ ਦੇ ਟੈੱਸਟਾਂ ਦੀ ਘੱਟ ਹੀ ਲੋੜ ਪੈਂਦੀ ਹੈ। ਖੂਨ ਦੇ ਪੱਧਰਾਂ ’ਤੇ ਨਿਗਰਾਨੀ ਰੱਖਣ ਦੀ ਅਕਸਰ ਲੋੜ ਨਹੀਂ ਹੁੰਦੀ ਪਰ ਇਨ੍ਹਾਂ ਹਾਲਤਾਂ ਵਿਚ ਇਹ ਫਾਇਦੇਮੰਦ ਹੋ ਸਕਦੇ ਹਨ:

- ਜਦੋਂ ਦੌਰੇ ਕਾਬੂ ਵਿਚ ਨਹੀਂ ਆਉਂਦੇ
- ਜਦੋਂ ਅਜਿਹੇ ਲੱਛਣ ਦਿਖਾਈ ਦੇਣ ਜਿਹੜੇ ਸਾਈਡ ਇਫੈਕਟ ਹੋ ਸਕਦੇ ਹਨ
- ਜਦੋਂ ਮਿਰਗੀ ਦੇ ਇਲਾਜ ਲਈ ਇਕ ਨਾਲੋਂ ਜ਼ਿਆਦਾ ਦਵਾਈਆਂ ਵਰਤੀਆਂ ਜਾਂਦੀਆਂ ਹਨ ਅਤੇ ਅਣਚਾਹੇ ਅਸਰ ਹੋ ਰਹੇ ਹੋਣ
- ਫੈਨੀਟੋਇਨ (ਡਿਲਾਨਟਿਨ) ਲੈ ਰਹੇ ਮਰੀਜ਼ਾਂ ਵਿਚ

**ਲੈਬਾਰਟਰੀ ਵਿਚ ਨੇਮ ਨਾਲ ਹੋਣ ਵਾਲੇ ਟੈੱਸਟ**

ਕਦੇ ਕਦੇ ਦਵਾਈ ਸ਼ੁਰੂ ਕਰਨ ਤੋਂ ਪਹਿਲਾਂ ਜਿਗਰ (ਲਿਵਰ) ਅਤੇ ਬੋਨ ਮੈਰੋ ਦੇ ਬਲੱਡ ਟੈੱਸਟ ਕੀਤੇ ਜਾਂਦੇ ਹਨ। ਦਵਾਈ ਦੇ ਗੰਭੀਰ ਰੀਐਕਸ਼ਨ ਬਹੁਤ ਘੱਟ ਹੁੰਦੇ ਹਨ ਅਤੇ ਲੈਬਾਰਟਰੀ ਵਿਚ ਨੇਮ ਨਾਲ ਟੈੱਸਟ ਫਾਇਦੇਮੰਦ ਸਾਬਤ ਨਹੀਂ ਹੋਏ ਹਨ। ਅਗੇਤੀ ਪਛਾਣ ਲਈ ਸੱਭ ਤੋਂ ਬਿਹਤਰ ਤਰੀਕਾ ਮਰੀਜ਼ ਜਾਂ ਗਾਰਡੀਅਨ ਵਲੋਂ ਅਜਿਹੇ ਰੀਐਕਸ਼ਨ ਦੀਆਂ ਅਗਾਊਂ ਨਿਸ਼ਾਨੀਆਂ ਬਾਰੇ ਅਤੇ ਇਹ ਜਾਣਨਾ ਹੈ ਕਿ ਜੇ ਨਿਸ਼ਾਨੀਆਂ ਦਿਖਾਈ ਦੇਣ ਤਾਂ ਕੀ ਕਰਨਾ ਹੈ।